# ਜਮਾਤ 3: ਡਿਜੀਟਲ ਉਪਕਰਨ

ਬੱਚਿਓ ਅੱਜ ਸਾਡੀ ਦੁਨੀਆਂ ਵਿੱਚ ਬਿਜਲਈ ਮਸ਼ੀਨਾਂ ਅਤੇ ਖਾਸ ਕਰ ਡਿਜੀਟਲ ਮਸ਼ੀਨਾਂ ਦੀ ਭਰਮਾਰ ਹੈ। ਅੱਜ-ਕੱਲ੍ਹ ਸਾਡੇ ਘਰ ਅੰਦਰ ਹੀ ਬਹੁਤ ਸਾਰੇ ਉਪਕਰਨ ਹਨ ਜੋ ਬਿਜਲੀ ਨਾਲ ਚਲਦੇ ਹਨ ਅਤੇ ਸਾਡੇ ਵੱਖੋ-ਵੱਖ ਕੰਮ ਮਿੰਟਾਂ ਸਕਿੰਟਾਂ ਵਿੱਚ ਕਰ ਦਿੰਦੇ ਹਨ। ਇਸ ਪਾਠ ਵਿੱਚ ਅਸੀਂ ਉਨ੍ਹਾਂ ਡਿਜੀਟਲ ਉਪਕਰਨਾਂ ਬਾਰੇ ਜਾਣਾਂਗੇ, ਜਿਹੜੇ ਕਿ ਆਮ ਤੌਰ ਤੇ ਸਾਡੇ ਘਰਾਂ ਵਿੱਚ ਵਰਤੇ ਜਾਂਦੇ ਹਨ।



ਹੁਣ ਵਿਗਿਆਨ ਨੇ ਇੰਨੀ ਤਰੱਕੀ ਕਰ ਲਈ ਹੈ ਕਿ ਤਕਰੀਬਨ ਘਰ ਦੇ ਸਾਰੇ ਉਪਕਰਨ ਡਿਜੀਟਲ ਅਤੇ ਸਮਾਰਟ ਹੋ ਗਏ ਹਨ। ਪਹਿਲਾਂ ਦੇ ਮੁਕਾਬਲੇ ਇਨ੍ਹਾਂ ਦੀ ਕਾਰਜ ਕਰਨ ਦੀ ਸਮਰੱਥਾ ਅਤੇ ਗੁਣਵੱਤਾ ਵਿੱਚ ਅਸੀਮ ਵਾਧਾ ਹੋਇਆ ਹੈ। ਆਓ ਕੁਝ ਉਪਕਰਨਾਂ ਬਾਰੇ ਜਾਣਕਾਰੀ ਲਈਏ:-

## 1. ਰੇਡੀਓ:







ਰੇਡੀਓ ਦੀ ਵਰਤੋਂ ਅਸੀਂ ਘਰਾਂ ਵਿੱਚ ਖਬਰਾਂ ਸੁਣਨ ਅਤੇ ਗਾਣੇ ਆਦਿ ਸੁਣਨ ਲਈ ਕਰਦੇ ਹਾਂ।ਇਹ ਸਾਨੂੰ ਵੱਖੋ-ਵੱਖ ਤਰ੍ਹਾਂ ਦੀ ਜਾਣਕਾਰੀ ਦਿੰਦਾ ਹੈ ਜਿਵੇਂ ਸਿਹਤ ਅਤੇ ਸਿਖਿਆ ।ਇਹ ਸ਼ਬਦ ਭੰਡਾਰ ਵਿਚ ਵਾਧਾ ਕਰਦਾ ਹੈ ਅਤੇ ਸਾਡਾ ਮਨੋਰੰਜਨ ਵੀ ਕਰਦਾ ਹੈ ।

## 2. ਟੀ.ਵੀ.:



ਟੀ.ਵੀ. (ਟੈਲੀਵਿਜਨ) ਬੱਚਿਆਂਦੇ ਮਨੋਰੰਜਨ ਦਾ ਮਨਪਸੰਦ ਸਾਧਨ ਹੈ। ਇਸ ਵਿੱਚ ਆਵਾਜ ਦੇ ਨਾਲ-ਨਾਲ ਚਲਦੀਆਂ-ਫਿਰਦੀਆਂ ਤਸਵੀਰਾਂ ਵੀ ਨਜ਼ਰ ਆਉਂਦੀਆਂ ਹਨ। ਇਹ ਸਾਨੂੰ ਘਰ ਬੈਠੇ ਹੀ ਸਾਰੀ ਦੁਨੀਆਂ ਦੀ ਸੈਰ ਕਰਵਾ ਦਿੰਦਾ ਹੈ। ਕਾਰਟੂਨ, ਫਿਲਮਾਂ, ਗਾਣੇਂ, ਖੇਡਾਂ ਪਤਾ ਨਹੀਂ ਹੋਰ ਕਿੰਨਾਂ ਕੁਝ ਇਹ ਰਿਮੋਟ ਦਾ ਇੱਕ ਬੱਟਨ ਦੱਬਣ ਨਾਲ ਸਾਡੇ ਸਾਹਮਣੇ ਪੇਸ਼ ਕਰ ਦਿੰਦਾ ਹੈ।

## 3. ਫਰਿੱਜ:



ਫਰਿੱਜ ਦੀ ਵਰਤੋਂ ਘਰਾਂ ਵਿੱਚ ਖਾਣ ਦੀਆਂ ਵਸਤੂਆਂ ਨੂੰ ਠੰਡਾ ਰੱਖਣ ਲਈ ਕੀਤੀ ਜਾਂਦੀ ਹੈ। ਇਸ ਨਾਲ ਖਾਣਾ ਖਰਾਬ ਹੋਣ ਤੋਂ ਬਚਿਆ ਰਹਿੰਦਾ ਹੈ। ਇਸ ਦੀ ਵਰਤੋਂ ਮਾਂ ਤੁਹਾਨੂੰ ਠੰਡੀ ਅਤੇ ਮਿੱਠੀ ਆਈਸ-ਕਰੀਮ ਬਣਾਕੇ ਦੇਣ ਲਈ ਵੀ ਕਰਦੀ ਹੈ। ਗਰਮੀਆਂ ਵਿੱਚ ਤੁਸੀਂ ਸਾਰੇ ਘਰ ਆਉਂਦੇ ਹੀ ਠੰਡਾ ਪਾਣੀ ਪੀਣ ਲਈ ਫਰਿੱਜ ਵੱਲ ਹੀ ਤਾਂ ਭੱਜਦੇ ਹੋ।ਕਈ ਦਵਾਈਆਂ ਨੂੰ ਖਰਾਬ ਹੋਣ ਤੋਂ ਬਚਾਉਣ ਲਈ ਘੱਟ ਤਾਪਮਾਨ ਦੀ ਲੋੜ ਹੁੰਦੀ ਹੈ। ਇਸ ਲਈ ਇਹ ਦਵਾਈਆਂ ਫਰਿੱਜ ਵਿੱਚ ਰੱਖੀਆਂ ਜਾਂਦੀਆਂ ਹਨ ਜਿਵੇਂ ਪੋਲੀਓ ਵੈਕਸੀਨ।

ਅਧਿਆਪਕ ਲਈ-ਅਧਿਆਪਕ ਵਿਦਿਆਰਥੀਆਂ ਨੂੰ ਵੱਖ ਵੱਖ ਟੀ ਵੀ ਚੈਨਲਾਂ ਤੋਂ ਪ੍ਰਸਾਰਿਤ ਹੋਣ ਵਾਲੇ ਸਿਖਿਆਦਾਇਕ ਪ੍ਰੋਗਰਾਮਾਂ ਬਾਰੇ ਜਾਣੂ ਕਰਵਾ ਸਕਦਾ ਹੈ।

## 4. ਪ੍ਰੈੱਸ:



ਬੱਚਿਓ ਤੁਹਾਡੇ ਮੰਮੀ ਜੀ ਸਕੂਲ ਆਉਣ ਵੇਲੇ ਤੁਹਾਡੀ ਵਰਦੀ ਨੂੰ ਪ੍ਰੈੱਸ ਦੀ ਮਦਦ ਨਾਲ ਹੀ ਤਾਂ ਸਾਫ ਤੇ ਸੋਹਣਾ ਬਣਾਉਂਦੇ ਹਨ। ਕੱਪੜੇ ਧੋਣ ਤੋਂ ਬਾਅਦ ਜੋ ਵੱਟ ਕੱਪੜੇ ਵਿੱਚ ਪੈ ਜਾਂਦੇ ਹਨ, ਉਨ੍ਹਾਂ ਨੂੰ ਕੱਢਣ ਲਈ ਗਰਮ-ਗਰਮ ਪ੍ਰੈੱਸ ਬੱਸ ਮਿੰਟ ਲਾਉਂਦੀ ਹੈ। ਪਰੰਤੂ ਬੱਚਿਓ ਤੁਸੀਂ ਗਰਮ ਪ੍ਰੈੱਸ ਦੇ ਨਜਦੀਕ ਜਾਣ ਤੋਂ ਪ੍ਰਹੇਜ ਕਰਨਾਂ ਹੈ, ਨਹੀਂ ਤਾਂ ਤੁਹਾਡਾ ਹੱਥ ਜਾਂ ਕੋਈ ਹੋਰ ਅੰਗ ਸੜ ਸਕਦਾ ਹੈ।

## 5. ਕੈਮਰਾ :







ਕੈਮਰੇ ਦੀ ਵਰਤੋਂ ਤਸਵੀਰਾਂ ਖਿੱਚਣ ਲਈ ਕੀਤੀ ਜਾਂਦੀ ਹੈ। ਅੱਜਕੱਲ੍ਹ ਦੇ ਡਿਜੀਟਲ ਕੈਮਰੇ ਵਿੱਚ ਕੋਈ ਰੋਲ ਵੀ ਨਹੀਂ ਪਾਉਣਾਂ ਪੈਂਦਾ, ਸਗੋਂ ਸਿੱਧੀਆਂ ਹੀ ਤਸਵੀਰਾਂ ਪ੍ਰਿੰਟ ਹੋ ਜਾਂਦੀਆਂ ਹਨ।

## 6. ਮੋਬਾਈਲ:

ਪਹਿਲਾਂ ਮੋਬਾਈਲ ਦੀ ਵਰਤੋਂ ਕੇਵਲ ਦੂਰ ਬੈਠੇ ਵਿਅਕਤੀ ਨਾਲ ਗੱਲਾਂ ਕਰਨ ਲਈ ਹੀ ਕੀਤੀ ਜਾਂਦੀ ਸੀ। ਪਰ ਅੱਜ ਕੱਲ੍ਹ ਦੇ ਸਮਾਰਟ ਮੋਬਾਈਲ ਤੇ ਤੁਸੀਂ ਬਹੁਤ ਸਾਰੇ ਕੰਮ ਕਰ ਸਕਦੇ ਹੋ। ਗੇਮਾਂ ਖੇਡਣਾਂ, ਰਸਤਾ ਲੱਭਣਾਂ, ਮੌਸਮ ਦੀ ਜਾਣਕਾਰੀ ਲੈਣਾਂ, ਚੈਟਿੰਗ ਕਰਨਾਂ, ਤਸਵੀਰਾਂ ਤੇ ਵੀਡਿਓਜ਼ ਦੇਖਣਾਂ ਅਤੇ ਭੇਜਣਾਂ, ਬਿੱਲ ਭਰਨੇ ਅਤੇ ਹੋਰ ਪਤਾ ਨਹੀਂ ਕਿੰਨੇ ਕੁ ਕੰਮ ਅੱਜ ਸਾਡਾ ਮੋਬਾਈਲ ਕਰ ਰਿਹਾ ਹੈ।







## 7. ਵਾਸ਼ਿੰਗ ਮਸ਼ੀਨ:

ਇਸ ਦੀ ਵਰਤੋਂ ਕੱਪੜੇ ਧੋਣ ਲਈ ਕੀਤੀ ਜਾਂਦੀ ਹੈ। ਹੁਣ ਸਮਾਰਟ ਵਾਸ਼ਿੰਗ ਮਸ਼ੀਨਾਂ ਆ ਗਈਆਂ ਹਨ, ਜੋ ਕਿ ਕੱਪੜਿਆਂ ਨੂੰ ਆਪਣੇ ਆਪ ਹੀ ਧੋ ਦਿੰਦੀਆਂ ਹਨ ਅਤੇ ਸੁਕਾ ਵੀ ਦਿੰਦੀਆਂ ਹਨ। ਤੁਸੀਂ ਬੱਸ ਉਸ ਵਿੱਚ ਕੱਪੜੇ ਪਾਉਣ ਤੋਂ ਬਾਅਦ ਉਸਨੂੰ ਚਾਲੂ ਹੀ ਕਰਨਾ ਹੈ... ਤੇ ਬੱਸ, ਹੋ ਗਈ ਕੱਪੜਿਆਂ ਦੀ ਸਫਾਈ।

## 8. ਕੰਪਿਊਟਰ:

ਕੰਪਿਊਟਰ ਇੱਕ ਅਜਿਹੀ ਡਿਜੀਟਲ ਮਸ਼ੀਨ ਹੈ, ਜਿਸਨੇ ਹੁਣ ਹਰ ਘਰ ਦੇ ਵਿੱਚ ਆਪਣੀ ਜਗ੍ਹਾ ਬਣਾ ਲਈ ਹੈ। ਇਸ ਦੀ ਵਰਤੋਂ ਹਰ ਇੱਕ ਕੰਮ ਦੇ ਵਿੱਚ ਹੋਣ ਲੱਗੀ ਹੈ, ਫੇਰ ਭਾਵੇਂ ਉਹ ਮਨੋਰੰਜਨ ਹੀ ਕਿਉਂ ਨਾ ਹੋਵੇ। ਇਹ ਇੱਕ ਸਮਾਰਟ ਮਸ਼ੀਨ ਹੈ ਜੋ ਸਾਡੇ ਹਰ ਇੱਕ ਕੰਮ ਨੂੰ ਸੁਖਾਲਾ ਬਣਾ ਦਿੰਦੀ ਹੈ। ਗਾਣੇ ਸੁਣਨਾ, ਫਿਲਮਾਂ ਦੇਖਣਾਂ, ਗੇਮਾਂ ਖੇਡਣਾਂ, ਇੰਟਰਨੈਟ ਤੇ ਜਾਣਕਾਰੀ ਲੱਭਣਾਂ, ਹਿਸਾਬ-ਕਿਤਾਬ ਰੱਖਣਾਂ, ਪੜ੍ਹਾਈ ਕਰਨਾਂ, ਬਿੱਲ ਭਰਨੇ, ਦੂਰ ਬੈਠੇ ਰਿਸ਼ਤੇਦਾਰਾਂ ਨਾਲ ਗੱਲਬਾਤ ਕਰਨਾਂ, ਚਿੱਠੀਆਂ ਲਿਖਣਾਂ ਤੇ ਭੇਜਣਾਂ ਆਦਿ ਵਰਗੇ ਹਰ ਤਰ੍ਹਾਂ ਦੇ ਕੰਮ ਤੁਸੀਂ ਇਸ ਇੱਕ ਮਸ਼ੀਨ ਤੇ ਹੀ ਕਰ ਸਕਦੇ ਹੋ।




ਬਿਜਲਈ ਉਪਕਰਨਾਂ ਦੀ ਵਰਤੋਂ ਵੇਲੇ ਕੁਝ ਸਾਵਧਾਨੀਆਂ:-

1 ਗਿੱਲੇ ਹੱਥਾਂ ਨਾਲ ਜਾਂ ਨੰਗੇ ਪੈਰ ਕਿਸੇ ਉਪਕਰਨ ਨੂੰ ਛੂਹਣਾ ਨਹੀਂ ਚਾਹੀਦਾ।

2 ਪ੍ਰੈਸ ਦੀ ਵਰਤੋਂ ਬੱਚਿਆਂ ਨੂੰ ਖੁਦ ਨਹੀਂ ਕਰਨੀਂ ਚਾਹੀਦੀ।

# Class 3: Digital Equipments

Dear students, nowadays we have abundance of electrical and digital machines in the world. In our homes, we have various instruments, which are run with the help of electricity, and tasks that may take longer to do by hand may be done in a shorter period of time with the help of electricity. In this chapter we will read about those digital equipments which we use daily in our homes.



With the advancement of technology, almost all equipments became digital and smart. As compare with previous times, ability to do work and quality of work has improved a lot with digitalization. Letôs study about some of those equipments:

1. **Radio:**






We use radio in our homes for listening news and songs etc. It provides us various types of information i.e. health and education related etc. It helps us in improving our vocabulary and also entertains us.

2. **Television:**



T.V (television) is one of the most favorite source of entertainment for students. Apart from audio, italso provides us visuals. T.V opens up the world (i.e. cartoons, films, songs, sports and many more) to us just by one button of remote. Teacher can also provides information about various educational programmes telecasting in televisions to students.

3. **Refrigerator:**

Refrigerator stores foods at freezing temperature and helps us in preserving food for longer duration. You can make your favorite ice cream with the help of refrigerator. Cold water in refrigerator helps many of us in tackling the summer heat. We can also store medicines like Polio vaccine in refrigerator, which requires low temperature.



4. **Press:**




Press is also one of very important electrical equipment. It takes only a minute to remove wrinkles from fabric and helps in looking our clothes nice. But dear students, do not use hot press with your hands, it may harm you.

5. **Camera:**




Camera is used for clicking pictures and saving beautiful memories.




Digital cameras do not need even any roll for clicking pictures.

6. **Mobile:**

Earlier mobiles were used only for speaking to other persons. But nowadays mobiles are not only used for communication purpose but for playing games, chatting, clicking and sending pictures and videos, weather information and for making online payments etc.



## 7.Washing machine:

Washing machines are used for washing clothes. Today we have automatic washing machines in which we just have to fix time to get clean clothes.



## 8. Computer:

Computer is a digital machine, which has made a very vital impact on society. It has changed the way of life and has affected almost every field of life and made our day-to-day tasks very easy. Computers helps us in listening music, watching films, playing games, searching information on internet, making online payments and talking to our friends and relatives who are living at distant places.




***Precautions while using electrical equipments:***

1. Do not use electrical switches with wet hands and bare feet.
2. Do not use press by your own for ironing the clothes.

# कक्षा 3: डिजीटल उपकरण

बच्चो आज हमारे जीवन में विद्युतीय मशीनों और विशेषकर डिजीटल मशीनों की भरमार है। आजकल हमारे घरों के अन्दर ही ऐसे बहुत से उपकरण हैं जो बिजली से चलते हैं और हमारे विभिन्न प्रकार के काम मिनटों में या उस से भी कम समय में कर देते हैं। इस पाठ में हम उन उपकरणों के बारे में जानेंगे जो आम तौर पर हमारे घरों में प्रयोग किए जाते हैं।



अब विज्ञान ने इतनी उन्नति कर ली है कि घर में प्रयोग किए जाने वाले लगभग सभी उपकरण डिजीटल और स्मार्ट हो गए हैं। पहले समय की तुलना में इनके कार्य करने के सामर्थ्य और गुणवत्ता में असीम वृद्धि हुई है। आइए कुछ उपकरणों की जानकारी लें:-

1. रेडियो:-






**रेडियो का उपयोग हम अपने घरों में समाचार सुनने और गीत-संगीत आदि सुनने के लिए करते हैं।** यह हमें अलग-अलग प्रकार की जानकारी देता है जैसे-स्वास्थ्य और शिक्षा आदि से संबंधित। यह शब्द भंडार में वृद्धि करता है एवं हमारा मनोरंजन भी करता है।

2. टी.वी.( दूरदर्शन ):-



दूरदर्शन बच्चों के मनोरंजन का मनपसन्द साधन है। इसमें आवाज़ के साथ-साथ चलती-फिरती तस्वीरें भी दिखाई देती हैं। यह हमें घर बैठे ही सारे संसार की सैर करवा देता है। रिमोट का एक बटन दबाते ही यह हमारे सामने कार्टून, फ़िल्में, गाने, खेलें तथा और न जाने कितनी ही चीज़ें पेश कर देता है।



**3. फ्रिज:-** फ्रिज का उपयोग घरों में खाने-पीने की वस्तुओं को ठंडा रखने के लिए किया जाता है। इसमें रखा खाना खराब होने से भी बचा रहता है। बच्चों की मनपंसद ठंडी-मीठी आइस-क्रीम बनाने के लिए भी माताएँ इसका प्रयोग करती हैं। ग्रीष्म ॠतु में बाहर से घर आते ही सभी लोग ठंडा पानी पीने के लिए इसी की तरफ दौड़ते हैं। जिन दवाइयों को खराब होने से बचाने के लिए कम तापमान की आवश्यकता होती है, उन्हें फ्रिज में ही रखा जाता है, जैसे कि पोलियो वैक्सीन।

**अध्यापक के लिए:-** अध्यापक विद्यार्थियों को अलग-अलग टी.वी. चैनलों से प्रसारित होने वाले शिक्षाप्रद कार्यक्रमों से परिचित करवा सकता है।

**4. प्रैस ( इस्त्री ):-**



बच्चो, आपकी माता जी प्रतिदिन सुबह-सवेरे आपकी स्कूल की वर्दी को इस प्रैस की मदद से ही तो सुन्दर बना देती हैं। कपड़े धोने के बाद उनमें जो सिलवटें पड़ जाती हैं, उन्हें गर्म प्रैस से ही दूर किया जाता है। बच्चो, आप इस बात का विशेष ध्यान रखें कि आप गर्म प्रैस के समीप न जाएँ क्योंकि उसे छूने से आपका हाथ या फिर कोई भी अंग जल सकता है। इससे कई बार बिजली का झटका भी लग सकता है जो कि ख़तरनाक होता है।

**5. कैमराः-**




कैमरे का प्रयोग तस्वीरें खींचने के लिए किया जाता है। आजकल के डिजीटल कैमरे में तो कोई रोल भी नहीं डालना पड़ता। इनमें तो बस सीधे तस्वीरें ही प्रिंट हो जाती है।




**6. मोबाइलः-** पहले तो मोबाइल का प्रयोग केवल दूर बैठे लोगों से बातें करने के लिए ही किया जाता था, परन्तु आजकल के स्मार्ट मोबाइल पर तो आप बहुत सारे काम कर सकते हैं। गेम खेलना, रास्ता खोजना, मौसम की जानकारी लेना, चैटिंग करना, तस्वीरें और वीडीओज़ देखना और भेजना, बिल भरना और इसी प्रकार के न जाने कितने ही काम आज मोबाइल कर रहा है।



**7. कपड़े धोने की मशीन ( वाशिंग मशीन ):-**

इस का प्रयोग कपड़े धोने के लिए किया जाता है। अब स्मार्ट वाशिंग मशीनें आ गई हैं जो कि अपने आप ही कपड़ों को धोने के साथ-साथ सुखा भी देती हैं। आपने तो बस उसमें कपड़े डालने के बाद उसे चालू ही करना है और बस, हो गई कपड़ों की सफाई।



**8. कम्प्यूटर :-** कम्प्यूटर एक ऐसी डिजीटल मशीन है जिसने घर-घर में अपना स्थान बना लिया है। इस का प्रयोग हर एक काम में होने लगा है फिर वह भले मनोरंजन ही क्यों न हो। यह एक ऐसी स्मार्ट मशीन है जो हमारे हर काम को सरल बना देती है। गाने सुनना, फिल्में देखना, गेम खेलना, इंटरनेट पर जानकारी प्राप्त करना, हिसाब-किताब रखना, पढ़ाई करना, बिल भरना, दूर बैठे रिश्तेदारों से बातचीत करना, पत्र लिखना और भेजना आदि हर प्रकार के काम इस एक मशीन द्वारा किए जा सकते हैं।




**विद्युत उपकरणों के प्रयोग समय कुछ सावधानियाँ:-**

1. **गीले हाथों से या नंगे पाँव किसी उपकरण को छूना नहीं चाहिए।**
2. **छोटे बच्चों को प्रैस का इस्तेमाल स्वयं नहीं करना चाहिए।**